National Research Journal of Social Sciences
Volume-11, Issue-1, January-June 2026
PP: 27-31
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਰਚਿਤ ਬਾਣੀ : ਵਿਭਿੰਨ ਪਾਸਾਰ

**ਮਨਜੀਤ ਕੌਰ ਭੱਟੀ**

ਐਸੋਸੀਏਟ ਪ੍ਰੋਫ਼ੈਸਰ
ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ, ਮਾਤਾ ਗੰਗਾ ਖ਼ਾਲਸਾ ਕਾਲਜ, ਕੋਟਾਂ।

**ਸਾਰ**

ਮੱਧਕਾਲ ਵਿੱਚ ਰਚੀ ਗੁਰਮਤਿ ਕਾਵਿ-ਧਾਰਾ ਗੁਰਮਤਿ ਸਿਧਾਂਤਾਂ ਨੂੰ ਪੇਸ਼ ਕਰਦੀ ਅਧਿਆਤਮਿਕ ਤੇ ਰੂਹਾਨੀ ਭਾਵਾਂ ਦੇ ਨਾਲ-ਨਾਲ ਲੋਕ ਜੀਵਨ ਦੇ ਵਿਭਿੰਨ ਪਹਿਲੂਆਂ ਨਾਲ ਸੰਵਾਦ ਰਚਾਉਂਦੀ ਹੈ।ਹਿੰਦ ਦੀ ਚਾਦਰ, ਗੁਰੂ ਤੇਗ ਬਹਾਦਰ ਸਾਹਿਬ ਨੇ ਨਾਮ-ਸਿਮਰਨ ਦੇ ਅਧਿਆਤਮਿਕ ਫ਼ਲਸਫ਼ੇ ਦੇ ਨਾਲ-ਨਾਲ 'ਭੈ ਕਾਹੂ ਕੋ ਦੇਤਿ ਨਹਿ ਨਹਿ ਭੈ ਮਾਨਤ ਆਨ' ਦੀ ਵਿਚਾਰਧਾਰਾ ਵੀ ਲੋਕਾਈ ਅੱਗੇ ਰੱਖੀ । ਉਨ੍ਹਾਂ ਨੇ ਹਾਕਮ ਦੇ ਜ਼ੁਲਮਾਂ ਨੂੰ ਬਰਦਾਸ਼ਤ ਨਾ ਕਰਦਿਆਂ ਉਸ ਦੀ ਧਾਰਮਿਕ ਕੱਟੜਤਾ ਦਾ ਵਿਰੋਧ ਕੀਤਾ। ਇਸ ਬਾਣੀ ਦੇ ਪ੍ਰਮੁੱਖ ਸਰੋਕਾਰ ਬ੍ਰਹਮ ਦੀ ਸਰਬਵਿਆਪਕਤਾ, ਸਿਮਰਨ/ਬੰਦਗੀ, ਗੁਰੂ ਦੀ ਸ਼ਰਨ, ਮੁਕਤੀ ਦਾ ਮਾਰਗ, ਵੈਰਾਗ ਅਤੇ ਸਦਾਚਾਰਕ ਪਹਿਲੂ ਹਨ। ਬਾਣੀ ਸਮੁੱਚੀ ਮਾਨਵਤਾ ਨੂੰ ਸਿਦਕ, ਦ੍ਰਿੜ੍ਹਤਾ ਅਤੇ ਸਾਂਝੀਵਾਲਤਾ ਦੇ ਮਾਰਗ 'ਤੇ ਚੱਲਣ ਦਾ ਪ੍ਰੇਰਨਾ-ਸ੍ਰੋਤ ਹੈ। ਇਹ ਬਾਣੀ ਸੰਸਾਰਕ ਨਾਸ਼ਮਾਨਤਾ ਨੂੰ ਕੇਂਦਰ ਬਿੰਦੂ ਮੰਨ ਕੇ ਮਨੁੱਖ ਨੂੰ ਸੁਚੱਜੀ ਜੀਵਨ ਜਾਚ ਜਿਊਣ ਲਈ ਉਤਸ਼ਾਹਿਤ ਕਰਦੀ ਹੈ। ਗੁਰੂ ਤੇਗ ਬਹਾਦਰ ਬਾਣੀ ਮਨੁੱਖ ਨੂੰ ਇਤਿਹਾਸਕ ਵੰਗਾਰਾਂ, ਵਧੀਕੀਆਂ, ਧੱਕੇਸ਼ਾਹੀਆਂ ਤੇ ਤਸ਼ੱਦਦ ਦੇ ਖ਼ਿਲਾਫ਼ ਜੂਝਣ ਲਈ ਮਨੋਬਲ ਨੂੰ ਉਤਸ਼ਾਹਿਤ ਕਰਦੀ ਹੈ। ਉਨ੍ਹਾਂ ਨੇ ਭਗਤੀ ਦੇ ਸੁਰ, ਸਮਾਜਿਕ ਸੰਗਠਨ ਦਾ ਸੁਪਨਾ ਅਤੇ ਲੋਕ ਭਲਾਈ ਦਾ ਮਹਾਨ ਸੰਕਲਪ ਦੇ ਕੇ ਮਰਨ ਕਿਨਾਰੇ ਪਏ ਸਮਾਜ ਦੇ ਸਰੀਰ ਵਿੱਚ ਨਵ-ਪ੍ਰਾਣਾਂ ਦਾ ਸੰਚਾਰ ਕੀਤਾ।

**ਮੁੱਖ ਸ਼ਬਦ**: ਰੂਹਾਨੀ ਭਾਵ, ਨਾਮ-ਸਿਮਰਨ, ਅਧਿਆਤਮਿਕ ਫ਼ਲਸਫ਼ਾ, ਧਾਰਮਿਕ ਕੱਟੜਤਾ ਦਾ ਵਿਰੋਧ, ਬ੍ਰਹਮ ਦੀ ਸਰਬਵਿਆਪਕਤਾ, ਵੈਰਾਗ

ਮੱਧਕਾਲ ਵਿੱਚ ਰਚੀ ਗੁਰਮਤਿ ਕਾਵਿ-ਧਾਰਾ ਗੁਰਮਤਿ ਸਿਧਾਂਤਾਂ ਨੂੰ ਪੇਸ਼ ਕਰਦੀ ਅਧਿਆਤਮਿਕ ਤੇ ਰੂਹਾਨੀ ਭਾਵਾਂ ਦੇ ਨਾਲ-ਨਾਲ ਲੋਕ ਜੀਵਨ ਦੇ ਵਿਭਿੰਨ ਪਹਿਲੂਆਂ ਨਾਲ ਸੰਵਾਦ ਰਚਾਉਂਦੀ ਹੈ। ਇਸ ਕਾਲ ਵਿੱਚ ਸਿਰਜੀ ਰਚਨਾ ਧਾਰਮਿਕ, ਰਾਜਸੀ, ਸਮਾਜਿਕ ਤੇ ਸੱਭਿਆਚਾਰਕ ਪਰਿਸਥਿਤੀਆਂ 'ਤੇ ਚਾਨਣਾ ਪਾਉਂਦੀ ਹੈ। ਮੱਧਕਾਲੀ ਅਧਿਆਤਮਿਕ ਸਾਹਿਤ ਵਿੱਚ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੁਆਰਾ ਸਿੱਖ ਧਰਮ ਦੀ ਸਰਵੋਤਮ ਰਚਨਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਮਹਾਨ ਕਾਰਜ 1604 ਈ. ਵਿੱਚ ਸੰਪੂਰਨ ਕੀਤਾ ਗਿਆ, ਜਿਸ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਫ਼ਕੀਰਾਂ, ਭਗਤਾਂ ਤੇ ਭੱਟਾਂ ਦੀ ਬਾਣੀ ਵੀ ਸ਼ਾਮਿਲ ਕੀਤੀ ਗਈ ਹੈ।

ਹਿੰਦ ਦੀ ਚਾਦਰ, ਮਾਨਵਤਾ ਦੇ ਪੁੰਜ, ਤਿਆਗ ਦੀ ਮੂਰਤ, ਸ਼ਾਂਤੀ ਦੇ ਪ੍ਰਤੀਕ, ਸ਼ਹੀਦਾਂ ਦੇ ਸਿਰਤਾਜ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ ਮੀਰੀ ਪੀਰੀ ਦੇ ਮਾਲਿਕ ਗੁਰੂ ਹਰਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ ਦੇ ਘਰ 1621 ਈ. ਨੂੰ ਅੰਮ੍ਰਿਤਸਰ ਵਿਖੇ ਹੋਇਆ। ਗੁਰੂ ਜੀ ਬਚਪਨ ਤੋਂ ਹੀ ਬੜੇ ਗਹਿਰ-ਗੰਭੀਰ, ਨਿਡਰ ਤੇ ਸੰਤ ਸੁਭਾਅ ਸ਼ਖ਼ਸੀਅਤ ਦੇ ਮਾਲਕ ਸੀ। ਆਪ ਜੀ ਦੇ ਦਾਦਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਧਰਮ ਵਿੱਚ ਕ੍ਰਾਂਤੀਕਾਰੀ ਪੜਾਅ ਆਇਆ। ਆਪ ਨੇ ਗੁਰਮਤਿ ਵਿੱਦਿਆ ਦੇ ਨਾਲ-ਨਾਲ ਸ਼ਸਤਰ-ਵਿੱਦਿਆ ਵੀ ਗ੍ਰਹਿਣ ਕੀਤੀ। ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਗ੍ਰਹਿਸਤੀ ਸਫ਼ਰ ਮਹਾਨ ਮਾਤਾ ਗੁਜਰੀ ਜੀ ਨਾਲ ਸ਼ੁਰੂ ਕੀਤਾ। ਨਾਮ-ਸਿਮਰਨ ਦੇ ਅਧਿਆਤਮਿਕ ਫ਼ਲਸਫ਼ੇ ਦੇ ਨਾਲ-ਨਾਲ 'ਭੈ ਕਾਹੂ ਕੋ ਦੇਤਿ ਨਹਿ ਨਹਿ ਭੈ ਮਾਨਤ ਆਨ'ਦੀ ਵਿਚਾਰਧਾਰਾ ਵੀ ਲੋਕਾਈ ਅੱਗੇ ਰੱਖੀ ਜੋ ਅੱਗੇ ਜਾ ਕੇ ਉਨ੍ਹਾਂ ਦੇ ਪੁੱਤਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਦੀ ਸਿਰਜਣਾ ਅਤੇ ਮੁਗ਼ਲ-ਰਾਜ ਦੀਆਂ ਜੜ੍ਹਾਂ ਉਖਾੜਨ ਦਾ ਆਧਾਰ ਬਣੀ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀ ਵੱਡੀ ਇਤਿਹਾਸਿਕ ਘਟਨਾ ਉਸ ਵੇਲੇ ਦੇ ਅੱਤਿਆਚਾਰੀ ਹਾਕਮ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਸਤਾਏ ਕਸ਼ਮੀਰੀ ਪੰਡਿਤਾਂ ਦਾ ਉਨ੍ਹਾਂ ਦੀ ਸ਼ਰਨ ਵਿੱਚ ਆਉਣਾ ਹੈ। ਗੁਰੂ ਜੀ ਨੇ ਹਾਕਮ ਦੇ ਜ਼ੁਲਮਾਂ ਨੂੰ ਬਰਦਾਸ਼ਤ ਨਾ ਕਰਦਿਆਂ ਉਸ ਦੀ ਧਾਰਮਿਕ ਕੱਟੜਤਾ ਦਾ ਵਿਰੋਧ ਕੀਤਾ। ਨਤੀਜੇ ਵਜੋਂ ਉਨ੍ਹਾਂ ਨੂੰ ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਹਿੰਦੂ ਧਰਮ ਤੇ ਦੇਸ਼ ਕੌਮ ਦੀ ਰੱਖਿਆ ਲਈ ਦਿੱਤੀ ਗੁਰੂ ਜੀ ਦੀ ਸ਼ਹਾਦਤ ਨੇ ਦੱਬੀ ਕੁਚਲੀ ਤੇ ਵਧੀਕੀਆਂ ਸਹਿਣ ਕਰ ਰਹੀ ਲੋਕਾਈ ਅੰਦਰ ਜ਼ੁਲਮਾਂ ਦੇ ਖਿਲਾਫ਼ ਡਟ ਕੇ ਮੁਕਾਬਲਾ ਕਰਨ ਦਾ ਉਤਸ਼ਾਹ ਪੈਦਾ ਕੀਤਾ। ਆਪ ਦੀ ਵਿਦਵਤਾ, ਤਿਆਗ ਤੇ ਸ਼ਹਾਦਤ ਬਾਰੇ ਡਾ. ਤਾਰਨ ਸਿੰਘ ਲਿਖਦੇ ਹਨ,

> "ਆਪ ਨੇ ਪੂਰਨ ਗੁਰੂ ਦੇ ਤੌਰ ਤੇ ਸਿੱਖਾਂ ਨੂੰ ਸੰਗਠਿਤ ਅਤੇ ਸ਼ਕਤੀਸ਼ਾਲੀ ਬਣਾਇਆ, ਇੱਕ ਮਹਾਨ ਕਵੀ ਦੇ ਰੂਪ ਵਿੱਚ ਅਧਿਆਤਮਕ, ਧਾਰਮਿਕ ਤੇ ਸਾਹਿਤਕ ਤੌਰ ਤੇ ਉੱਚ ਪੱਧਰ ਦੀ ਬਾਣੀ ਰਚਨਾ ਕੀਤੀ, ਇੱਕ ਮਹਾਂ ਮਾਨਵ ਦੇ ਰੂਪ ਵਿੱਚ ਆਪਣੇ ਸਿੱਖ ਧਰਮ ਦੇ ਲਈ ਹੀ ਨਹੀਂ ਹਿੰਦੂ ਧਰਮ ਦੀ ਰੱਖਿਆ ਲਈ ਪ੍ਰਾਣ ਨਿਛਾਵਰ ਕੀਤੇ। "[1]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਜੀ ਨੇ 59 ਸ਼ਬਦ/ਪਦੇ ਅਤੇ 57 ਸ਼ਲੋਕਾਂ ਦੀ ਸਿਰਜਣਾ ਕੀਤੀ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਹਲਾ 9 ਦੇ ਸਿਰਲੇਖ ਹੇਠ ਦਰਜ ਹਨ। ਇਹ ਬਾਣੀ 15 ਰਾਗਾਂ ਵਿੱਚ ਰਚੀ ਗਈ ਜਿਵੇਂ ਕਿ ਆਸਾ, ਗਾਉੜੀ, ਦੇਵਗੰਧਾਰੀ, ਬਿਹਾਗੜਾ, ਧਨਾਸਰੀ, ਸੋਰਠਿ, ਜੈਤਸਰੀ, ਟੋਡੀ, ਤਿਲੰਗ, ਰਾਮਕਲੀ, ਮਾਰੂ, ਬਿਲਾਵਲ, ਬਸੰਤ, ਸਾਰੰਗ ਅਤੇ ਜੈਜਾਵੰਤੀ। ਉਨ੍ਹਾਂ ਦੀ ਬਾਣੀ ਭਾਵੇਂ ਗਿਣਨਾਤਮਿਕ ਪੱਖੋਂ ਘੱਟ ਹੈ ਪਰ ਕਲਾਤਮਿਕ ਪੱਖੋਂ ਮਹਾਨ ਅਤੇ ਵਿਲੱਖਣ ਹੈ। ਇਸ ਬਾਣੀ ਦੇ ਪ੍ਰਮੁੱਖ ਸਰੋਕਾਰ ਬ੍ਰਹਮ ਦੀ ਸਰਬਵਿਆਪਕਤਾ, ਸਿਮਰਨ/ਬੰਦਗੀ, ਗੁਰੂ ਦੀ ਸ਼ਰਨ, ਮੁਕਤੀ ਦਾ ਮਾਰਗ, ਵੈਰਾਗ ਅਤੇ ਸਦਾਚਾਰਕ ਪਹਿਲੂ ਹਨ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸਮੁੱਚੀ ਮਾਨਵਤਾ ਨੂੰ ਸਿਦਕ, ਦ੍ਰਿੜ੍ਹਤਾ ਅਤੇ ਸਾਂਝੀਵਾਲਤਾ ਦੇ ਮਾਰਗ 'ਤੇ ਚੱਲਣ ਦਾ ਪ੍ਰੇਰਨਾ-ਸ੍ਰੋਤ ਹੈ। ਗੁਰੂ ਜੀ ਦੀ ਬਾਣੀ ਵਿੱਚ ਬ੍ਰਹਮ ਨੂੰ ਸਰਬਵਿਆਪਕ ਮੰਨਿਆ ਗਿਆ ਹੈ, ਜੋ ਹਰ ਥਾਂ ਮੌਜੂਦ ਹੈ। ਉਹ ਅੰਤਰਯਾਮੀ, ਘੱਟ ਘੱਟ ਦੀ ਜਾਨਣ ਵਾਲਾ ਹੈ। ਸਾਰੀ ਸਿਸ਼੍ਰਟੀ ਦਾ ਮਾਲਿਕ ਬ੍ਰਹਮ ਆਪ ਹੈ। ਉਸ ਨੂੰ ਹਰਿ, ਗੋਬਿੰਦ, ਰਾਮ, ਗੋਸਾਈ, ਨਿਰੰਜਨ, ਨਾਰਾਇਣ ਆਦਿ ਨਾਵਾਂ ਨਾਲ ਸੰਬੋਧਨ ਕੀਤਾ ਗਿਆ ਹੈ। ਉਹਨਾਂ ਦੀ ਬਾਣੀ ਵਿੱਚ ਸਿਮਰਨ ਅਤੇ ਬੰਦਗੀ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਉਹਨਾਂ ਅਨੁਸਾਰ ਬ੍ਰਹਮ ਦੁਆਰਾ ਰਚਾਇਆ ਸ੍ਰਿਸ਼ਟੀ ਦਾ ਵਰਤਾਰਾ ਬੇਅੰਤ ਹੈ, ਉਸ ਦੇ ਭੇਦਾਂ ਤੇ ਰੰਗਾਂ ਨੂੰ ਨਹੀਂ ਪਾਇਆ ਜਾ ਸਕਦਾ:-

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥

ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥

ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ॥

ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 537)

ਵਿਦਵਾਨ ਦਰਸ਼ਨ-ਵਿਗਿਆਨੀ ਡਾ. ਰਾਮਦਾਸ ਨਿਰਾਕਾਰੀ [2] ਦਾ ਮੰਨਣਾ ਹੈ ਕਿ ਜਿੱਥੋਂ ਤੱਕ ਜੀਵ ਅਤੇ ਬ੍ਰਹਮ ਦੇ ਸੰਬੰਧ ਦਾ ਪ੍ਰਸ਼ਨ ਹੈ, ਗੁਰੂ ਤੇਗ ਬਹਾਦਰ ਜੀ ਦੋਹਾਂ ਵਿੱਚ ਸਰੂਪ-ਭੇਦ ਨਹੀਂ ਮੰਨਦੇ। ਇਸ ਦਾ ਭਾਵ ਇਹ ਹੈ ਕਿ ਜੀਵ ਜਗਤ ਵਿੱਚ ਤਾਂ ਬ੍ਰਹਮ ਤੋਂ ਵੱਖਰਾ ਦਿਸਦਾ ਹੈ, ਪਰ ਇਹ ਉਸ ਦਾ ਹੀ ਅੰਸ਼ ਹੈ ਅਤੇ ਯਥਾਰਥ ਗਿਆਨ ਤੋਂ ਬਾਅਦ ਬ੍ਰਹਮ ਦੇ ਸਰੂਪ ਵਿੱਚ ਹੀ ਮਿਲ ਜਾਂਦਾ ਹੈ। ਜਿਸ ਤਰ੍ਹਾਂ ਸੁਪਨੇ ਵਿੱਚ ਕੋਈ ਰਾਜਾ ਭਿਖਾਰੀ ਬਣ ਜਾਂਦਾ ਹੈ, ਪਰ ਜਾਗਣ ਤੋਂ ਬਾਅਦ ਫਿਰ ਰਾਜਾ ਹੀ ਹੁੰਦਾ ਹੈ, ਉਸੇ ਤਰ੍ਹਾਂ ਜੀਵ ਜਗਤ ਦੇ ਸੁਪਨੇ ਵਿੱਚ ਦੁਖੀ ਅਤੇ ਭਿਖਾਰੀ ਦਿਸਦਾ ਹੈ, ਕਿਉਂਕਿ ਇਸ ਦਾ ਸੰਬੰਧ ਮਾਇਆ ਨਾਲ ਹੋ ਜਾਂਦਾ ਹੈ। ਪਰ ਜਦੋਂ ਇਹ ਆਪਣੇ ਅਤੇ ਬ੍ਰਹਮ ਦੇ ਸਰੂਪ ਦਾ ਯਥਾਰਥ ਗਿਆਨ ਪ੍ਰਾਪਤ ਕਰ ਕੇ ਆਪਣੇ ਆਪ ਨੂੰ ਬ੍ਰਹਮ-ਸਰੂਪ ਸਮਝਣ ਲੱਗ ਪੈਂਦਾ ਹੈ, ਉਸ ਵੇਲੇ ਮਾਇਆ ਦਾ ਬੰਧਨ ਟੁੱਟ ਜਾਂਦਾ ਹੈ ਅਤੇ ਬ੍ਰਹਮ ਤੇ ਜੀਵ ਦੀ ਏਕਤਾ ਦਾ ਅਨੁਭਵ ਹੁੰਦਾ ਹੈ। ਗੁਰੂ ਜੀ ਅਨੁਸਾਰ,

ਨਾਨਕ ਲੀਨ ਭਇਓ ਗੋਬਿੰਦ ਸਿਉਂ ਜਿਉ ਪਾਨੀ ਸੰਗਿ ਪਾਨੀ ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 634)

ਗੁਰੂ ਜੀ ਦੀ ਬਾਣੀ ਸੰਸਾਰਕ ਨਾਸ਼ਮਾਨਤਾ ਨੂੰ ਕੇਂਦਰ ਬਿੰਦੂ ਮੰਨ ਕੇ ਮਨੁੱਖ ਨੂੰ ਸੁਚੱਜੀ ਜੀਵਨ ਜਾਚ ਜਿਊਣ ਲਈ ਉਤਸ਼ਾਹਿਤ ਕਰਦੀ ਹੈ। ਸੰਸਾਰ ਵਿੱਚ ਪੈਦਾ ਹੋਈ ਹਰ ਚੀਜ਼ ਦਾ ਅੰਤ ਨਿਸ਼ਚਿਤ ਹੈ। ਨਾਸ਼ਮਾਨ ਸੰਸਾਰ ਵਿੱਚ ਆ ਕੇ ਮਨੁੱਖ / ਪ੍ਰਾਣੀ ਭਰਮ ਭੁਲੇਖਿਆਂ ਦਾ ਸ਼ਿਕਾਰ ਹੋਇਆ ਪਦਾਰਥਕ ਵਸਤੂਆਂ ਦੇ ਮੋਹ ਵਿੱਚ ਇਨ੍ਹਾਂ ਗ੍ਰਸਿਤ ਹੋ ਜਾਂਦਾ ਹੈ ਕਿ ਸਿਰਜਣਹਾਰ ਪ੍ਰਭੂ ਨੂੰ ਹੀ ਭੁਲਾ ਦਿੰਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਪ੍ਰਭੂ ਦਾ ਸਿਮਰਨ ਕਰਨ ਲਈ ਪ੍ਰੇਰਦੇ ਕਹਿੰਦੇ ਹਨ,

ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ॥

ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੂ ਨ ਗਾਈ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1008)

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥

ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1429)

ਗੁਰੂ ਜੀ ਜਗਤ ਦੀ ਨਾਸ਼ਮਾਨਤਾ ਨੂੰ ਮਿਰਗ-ਤ੍ਰਿਸ਼ਨਾ, ਧੂੰਏ ਸਮਾਨ, ਸੁਪਨੇ ਦੀ ਨਿਆਈਂ, ਪਾਣੀ ਦੇ ਬੁਲਬੁਲੇ, ਬੱਦਲਾਂ ਦੇ ਪਰਛਾਈ ਅਤੇ ਬਾਲੂ ਕੀ ਭੀਤਿ ਜਿਹੇ ਦ੍ਰਿਸ਼ਟਾਂਤ ਦੇ ਕੇ ਮਨੁੱਖ ਨੂੰ ਸੁਚੇਤ ਕਰਦੇ ਹਨ । ਉਹ ਅਜਿਹਾ ਕਹਿ ਕੇ ਮਨੁੱਖ ਨੂੰ ਨਿਰਾਸ਼ਾਵਾਦੀ ਨਹੀਂ ਸਗੋਂ ਆਸ਼ਾਵਾਦੀ ਜੀਵਨ ਦ੍ਰਿਸ਼ਟੀ ਅਪਣਾਉਣ ਨੂੰ ਤਰਜੀਹ ਦਿੰਦੇ ਹਨ। ਜਗਤ ਵਿੱਚ ਪਸਰੇ ਪਦਾਰਥ ਛਿਣ ਪਲ ਵਿੱਚ ਤਬਾਹ ਹੋਣ ਵਾਲੇ ਹਨ, ਵੱਡੇ ਵੱਡੇ ਰਿਸ਼ੀ ਮੁਨੀ ਤੇ ਪੀਰ ਪੈਗੰਬਰ ਵੀ ਸਥਿਰ ਨਹੀਂ ਰਹੇ, ਜ਼ਿੰਦਗੀ ਵਿੱਚ ਨੇਕ ਅਮਲ ਕਰਨੇ ਚਾਹੀਦੇ ਹਨ ਤਾਂ ਜੋ ਜ਼ਿੰਦਗੀ ਸਫ਼ਲ ਹੋ ਸਕੇ:-


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1427)

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1427)

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1429)

ਇਸ ਸੰਬੰਧੀ ਡਾ. ਦੀਵਾਨ ਸਿੰਘ ਲਿਖਦੇ ਹਨ,

"ਜਗਤ ਅਤੇ ਮਨੁੱਖੀ ਜੀਵਨ ਦੋਹਾਂ ਦੀ ਮੂਲ ਸੱਚਾਈ ਨਾਸ਼ਮਾਨਤਾ ਤੇ ਪਰਿਵਰਤਨ ਹੈ। ਕੋਈ ਵਸਤੂ ਸੰਸਾਰ ਵਿੱਚ ਇੱਕ ਪਲ ਤੋਂ ਵੱਧ ਸਥਿਰਤਾ ਨਹੀਂ ਰੱਖਦੀ ਅਤੇ ਹਰ ਪਲ ਜਾਂ ਛਿਣ ਚਲੰਤ ਹੈ।"[3]

ਗੁਰੂ ਜੀ ਨੇ ਆਪਣੀ ਸਮੁੱਚੀ ਰਚਨਾ ਭਗਤੀ-ਭਾਵਨਾ, ਤਿਆਗ ਤੇ ਵੈਰਾਗਮਈ ਸੁਰ ਵਿੱਚ ਪੇਸ਼ ਕੀਤੀ ਹੈ। ਪ੍ਰਭੂ ਦੀ ਬੰਦਗੀ ਮਨ ਵਿੱਚ ਵਿਸ਼ੇ ਵਿਕਾਰਾਂ ਤੋਂ ਤਿਆਗ ਵੱਲ ਰੁਚਿਤ ਹੁੰਦੀ ਹੈ। ਇਸ ਭਾਵਨਾ ਅਧੀਨ ਮਨੁੱਖ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਿਹੇ ਵਿਕਾਰਾਂ ਤੋਂ ਮੁਕਤੀ ਮਿਲ ਜਾਂਦੀ ਹੈ, ਅਜਿਹੇ ਮਨੁੱਖ ਅੰਦਰ ਨਾ ਤਾਂ ਡਰ-ਭੈਅ ਹੁੰਦਾ ਹੈ ਤੇ ਨਾ ਹੀ ਉਹ ਕਿਸੇ ਨੂੰ ਡਰਾਉਂਦਾ ਹੈ:-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1427)

ਗੁਰੂ ਸਾਹਿਬ ਅਨੁਸਾਰ ਇਹ ਮਾਰਗ ਬਹੁਤ ਹੀ ਕਠਿਨਾਈਆਂ ਨਾਲ਼ ਭਰਪੂਰ ਹੈ। ਜੇ ਕਰ ਮਨੁੱਖ ਆਪਣੀ ਵਡਿਆਈ ਅਤੇ ਨਿੰਦਿਆ ਤੋਂ ਮੁਕਤ ਹੋ ਕੇ ਜੀਣ ਦਾ ਰਾਹ ਲੱਭ ਲਵੇ ਤਾਂ ਨਿਸ਼ਚੈ ਹੀ ਇਸ ਪਦਵੀ ਦਾ ਧਾਰਨੀ ਬਣ ਸਕਦਾ ਹੈ :-

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 219)

ਪ੍ਰਾਣੀ ਸੰਸਾਰ ਵਿੱਚ ਆ ਕੇ ਆਪਣੇ ਸੁਖਾਂ ਦੀ ਪ੍ਰਾਪਤੀ ਲਈ ਕਈ ਪ੍ਰਕਾਰ ਦੇ ਕਰਮ-ਕਾਂਡ ਕਰਦਾ ਹੈ, ਕਦੇ ਵਰਤ ਰੱਖਦਾ, ਪੁੰਨ-ਦਾਨ ਤੇ ਤੀਰਥਾਂ ਅਸਥਾਨਾਂ ਦੀ ਯਾਤਰਾ ਕਰਦਾ ਤਰ੍ਹਾਂ-ਤਰ੍ਹਾਂ ਦੇ ਪਾਖੰਡ ਕਰਦਾ ਹੈ ਪਰ ਪ੍ਰਭੂ ਦੀ ਬੰਦਗੀ ਨਹੀਂ ਕਰਦਾ। ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਪ੍ਰਭੂ ਦਾ ਸਿਮਰਨ ਕਰਨ ਨਾਲ ਆਤਮਿਕ ਸੁਖ ਦੀ ਪ੍ਰਾਪਤੀ ਹੁੰਦੀ ਹੈ:-

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1428)

ਗੁਰੂ ਸਾਹਿਬ ਦੀ ਬਾਣੀ ਵਿੱਚ ਵਾਰ-ਵਾਰ ਸੰਸਾਰਿਕ ਨਾਸ਼ਮਾਨਤਾ ਅਤੇ ਮੌਤ ਦਾ ਡਰ ਦੇ ਕੇ ਮਾਇਆ ਦੀ ਗ੍ਰਿਫ਼ਤ ਵਿੱਚ ਫ਼ਸੇ ਮਨੁੱਖ ਨੂੰ ਪ੍ਰਭੂ ਦਾ ਸਿਮਰਨ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਬਾਣੀ ਦਾ ਜਾਪ ਕਰਨ ਨਾਲ ਬੁਰਾਈਆਂ ਦੇ ਭਰੇ ਪਾਪੀ ਵੀ ਤਰ ਜਾਂਦੇ ਹਨ। ਸਾਧੂਆਂ ਦੀ ਸੰਗਤ ਪ੍ਰਾਣੀ ਨੂੰ ਵਿਸ਼ੈ-ਵਿਕਾਰਾਂ ਤੋਂ ਦੂਰ ਤੇ ਪ੍ਰਭੂ ਦੇ ਨੇੜੇ ਲੈ ਜਾਂਦੀ ਹੈ। ਉਸ ਦੇ ਸਾਰੇ ਦੁਖ ਕਸ਼ਟਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ:-

ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥

ਜਾ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 902)


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਰੇ ਮਨ ਰਾਮ ਸਿਉ ਕਰਿ ਪ੍ਰੀਤਿ॥
ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥ਰਹਾਉ॥
ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 631)

ਡਾ.ਅਮਰਜੀਤ ਸਿੰਘ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਨੇ ਜਿੱਥੇ-ਜਿੱਥੇ ਵੀ ਇਸ ਨਾਸ਼ਮਾਨਤਾ ਦਾ ਜ਼ਿਕਰ ਕੀਤਾ ਹੈ, ਉੱਥੇ ਹੀ ਇਹ ਗੱਲ ਬੜੇ ਸਪੱਸ਼ਟ ਰੂਪ ਵਿੱਚ ਦ੍ਰਿੜ੍ਹ ਕਰਵਾਈ ਹੈ ਕਿ ਸੰਸਾਰਿਕ ਪ੍ਰਾਪਤੀਆਂ ਵਿੱਚ ਲੱਗ ਕੇ ਉਚੇਰੇ ਮਾਰਗ ਨੂੰ ਭੁੱਲ ਜਾਣਾ ਇੱਕ ਅਜਿਹੀ ਖਿੱਚ ਹੈ, ਜਿਸ ਤੋਂ ਮੁਕਤ ਹੋਣਾ ਬਹੁਤ ਜ਼ਰੂਰੀ ਹੈ। ਸੰਸਾਰਿਕ ਪ੍ਰਤਿਮਾਨ ਮਨੁੱਖ ਲਈ ਹਰ ਕਦਮ 'ਤੇ ਪ੍ਰਥਮ ਸਥਾਨ ਪ੍ਰਾਪਤ ਕਰ ਲੈਂਦੇ ਹਨ, ਇਸ ਲਈ ਹੀ ਵਾਰ ਵਾਰ ਨਾਸ਼ਮਾਨਤਾ ਦੀ ਚੇਤਾਵਨੀ ਦੇਣੀ ਪੈਂਦੀ ਹੈ।[4]

ਗੁਰੂ ਤੇਗ਼ ਬਹਾਦਰ ਜੀ ਰੱਬੀ ਮਾਰਗ ਉੱਤੇ ਚੱਲਣ ਵਾਸਤੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਉੱਤੇ ਵਿਸ਼ੇਸ਼ ਬਲ ਦਿੰਦੇ ਹਨ।[5] ਉਨ੍ਹਾਂ ਨੇ ਹਉਮੈਂ ਦਾ ਨਾਸ਼ ਕਰਨ ਨੂੰ ਪਹਿਲ ਦਿੰਦਿਆਂ ਮੰਨਿਆ ਹੈ ਕਿ ਮਨੁੱਖ ਦੇ ਸਾਰੇ ਗੁਣਾਂ ਦਾ ਨਾਸ਼ ਹਉਮੈ ਕਾਰਨ ਹੀ ਹੁੰਦਾ ਹੈ। ਦੁਨਿਆਵੀ ਲਾਲਚ, ਮੋਹ ਅਤੇ ਹੰਕਾਰ ਆਦਿ ਕਾਰਨ ਹੀ ਮਨੁੱਖ ਕੁਰਾਹੇ ਪੈ ਜਾਂਦਾ ਹੈ ਅਤੇ ਵਿਸ਼ੇ-ਵਿਕਾਰਾਂ ਵਿੱਚ ਫਸਿਆ ਮਨੁੱਖ ਮਨ ਦੀ ਸ਼ਾਂਤੀ ਅਤੇ ਇਕਾਗਰਤਾ ਵੀ ਨਸ਼ਟ ਕਰ ਲੈਂਦਾ ਹੈ।ਸਿੱਟੇ ਵਜੋਂ ਉਹ ਆਤਮਿਕ ਤੌਰ 'ਤੇ ਦੁਰਬਲ ਹੋ ਜਾਂਦਾ ਹੈ। ਅਜਿਹੀ ਸਥਿਤੀ ਪ੍ਰਤਿ ਮਨੁੱਖ ਨੂੰ ਚੇਤੰਨ ਕਰਦਿਆਂ ਗੁਰੂ ਸਾਹਿਬ ਲਿਖਦੇ ਹਨ:-

ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸ ਭਾਗਉ ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 219)

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੁੱਖਾਂ ਮੁਸੀਬਤਾਂ ਦਾ ਸੰਤਾਪ ਭੋਗਦੀ ਦੁਨੀਆ ਅੰਦਰ ਮਨੋਬਲ ਨੂੰ ਉਭਾਰਨ ਤੇ ਜਾਗਰਤੀ ਦੀ ਭਾਵਨਾ ਪੈਦਾ ਕਰਕੇ ਮਾਨ-ਅਪਮਾਨ, ਦੁਖ-ਸੁਖ, ਉਸਤਿਤ-ਨਿੰਦਿਆ, ਆਸ਼ਾ-ਨਿਰਾਸ਼ਾ ਤੋਂ ਨਿਰਲੇਪ ਹੋ ਕੇ ਸਹਿਜ ਰੂਪ ਵਿੱਚ ਜ਼ਿੰਦਗੀ ਜਿਉਣ ਲਈ ਪ੍ਰੇਰਨਾ ਦਿੰਦੀ ਹੈ। ਗੁਰੂ ਸਾਹਿਬ ਨੇ ਆਪਣੀ ਸਮੱਚੀ ਰਚਨਾ ਵਿੱਚ ਮਨੁੱਖ ਨੂੰ ਵਿਸ਼ੇ-ਵਿਕਾਰਾਂ ਤੋਂ ਬਚਣ ਅਤੇ ਸਦਾਚਾਰਕ ਗੁਣਾਂ ਦਾ ਧਾਰਨੀ ਬਣਨ ਦੀ ਪ੍ਰੇਰਨਾ ਦਿੱਤੀ ਹੈ ਤਾਂ ਕਿ ਉਹ ਸਹਿਜੇ ਹੀ ਆਨੰਦਮਈ ਜ਼ਿੰਦਗੀ ਬਤੀਤ ਕਰ ਸਕੇ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 633)

ਗੁਰੂ ਸਾਹਿਬ ਦੀ ਬਾਣੀ ਦੇ ਪ੍ਰਯੋਜਨ ਬਾਰੇ ਚਰਚਾ ਕਰਦਿਆਂ ਸ. ਸਤਿੰਦਰ ਸਿੰਘ ਮੰਨਦੇ ਹਨ ਕਿ ਗੁਰੂ ਤੇਗ਼ ਬਹਾਦਰ ਬਾਣੀ ਦਾ ਪ੍ਰਯੋਜਨ ਪਾਰ-ਲੌਕਿਕ ਹੈ।[6] ਮਾਇਆ ਦੇ ਸੰਸਾਰ ਨੂੰ ਮਿਥਿਆ, ਸੁਪਨਾ, ਰੇਤ ਦੀ ਦੀਵਾਰ ਆਦਿ ਦੱਸ ਕੇ ਪਾਰਲੌਕਿਕ ਸੰਸਾਰ ਨੂੰ ਸੱਚਾ, ਸਦੀਵੀ ਅਤੇ ਯਥਾਰਥਕ ਸਿੱਧ ਕਰਨਾ ਹੈ। ਦਿਖਦੀ ਨਾਸ਼ਮਾਨਤਾ ਅਤੇ ਪਾਰਲੋਕਿਕ ਅਦਿੱਖ ਦੀ ਸਦੀਵਤਾ ਇਸ ਦਾ ਪਰਮ ਉਦੇਸ਼ ਹੈ। ਦਿਸਦੇ ਸੰਸਾਰ ਵਿੱਚੋਂ ਰਹੱਸਵਾਦੀ ਸੰਸਾਰ ਦੀਆਂ ਝਲਕਾਂ ਦੇਖਣ ਦੀ ਰੁਚੀ ਵੱਲ ਕੋਈ ਧਿਆਨ ਨਹੀਂ ਸਗੋਂ ਦਿਸਦੇ ਸੰਸਾਰ ਨੂੰ ਮਿਥਿਆ ਅਤੇ ਝੂਠਾ ਜਾਣ ਕੇ ਇਸ ਦੇ ਬੰਧਨਾਂ ਤੋਂ ਮੁਕਤ ਹੋ ਕੇ ਪਾਰਲੌਕਿਕ ਦੀ ਪ੍ਰਾਪਤੀ ਹੀ ਮੁੱਖ ਮਨੋਰਥ ਹੋਣਾ ਚਾਹੀਦਾ ਹੈ। ਇੱਥੇ ਮਿਥਿਆ ਨੂੰ ਤਿਆਗ ਕੇ ਸਦੀਵੀ ਨਾਲ ਪੱਕਾ ਰਿਸ਼ਤਾ ਜੋੜਨ ਦੀ ਪ੍ਰੇਰਨਾ ਦਿੱਤੀ ਗਈ ਹੈ :-

ਸੰਗ ਸਖਾ ਸਭ ਤਜਿ ਗਏ ਕੋਊ ਨਾ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1429)

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੇ ਸਿੱਖ-ਮਾਨਸਿਕਤਾ ਦੇ ਉੱਥਾਨ ਵਿੱਚ ਵਡੇਰਾ ਯੋਗਦਾਨ ਪਾਇਆ। ਇਸ ਪ੍ਰਸੰਗ ਵਿੱਚ ਪ੍ਰੋ. ਜੋਗਿੰਦਰ ਸਿੰਘ ਦੀ ਟਿੱਪਣੀ ਵਿਚਾਰਨਯੋਗ ਹੈ :-

"ਗੁਰੂ ਤੇਗ਼ ਬਹਾਦਰ ਜੀ ਨੇ ਭਾਰਤੀ ਮਨ ਨੂੰ ਆਤਮਿਕ ਦ੍ਰਿਸ਼ਟੀ ਤੋਂ ਜਗਾ ਕੇ ਮਿਥਿਆ -ਵਸਤਾਂ ਦੀ ਝੂਠੀ ਪ੍ਰੀਤ ਨਾਲ ਜੁੜੇ ਸੰਬੰਧਾਂ ਨੂੰ ਤੁੜਵਾ ਕੇ ਸਮਾਜਿਕ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

> ਅਤੇ ਰਾਜਨੀਤਿਕ ਸੱਤਾ ਉੱਤੇ ਇੱਕ ਸਿਰਜਣਾਤਮਿਕ, ਮਾਨਵ-ਹਿਤਕਾਰੀ ਅਤੇ ਸੁਤੰਤਰ ਜਜ਼ਬਾ ਪ੍ਰਦਾਨ ਕੀਤਾ ਕਿ ਭਾਰਤੀ ਮਨ ਤੇ ਮਨੁੱਖ ਸਹਿਜੇ ਹੀ ਰਾਜਸੀ ਡਰਾਵੇ ਅਤੇ ਮੌਤ ਦੇ ਡਰ ਨੂੰ ਤੁੱਛ ਸਮਝਣ ਲੱਗ ਪਿਆ।"[7]

ਸਮੁੱਚੇ ਤੌਰ ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸਿਮਰਨ ਤੋਂ ਸ਼ਹਾਦਤ ਦਾ ਸਫ਼ਰ ਹੈ ਜੋ ਕਿ ਸਮੁੱਚੀ ਮਾਨਵਤਾ ਨੂੰ ਆਸ਼ਾਵਾਦੀ ਅਤੇ ਚੜ੍ਹਦੀ ਕਲਾ ਦੀ ਧਾਰਨੀ ਬਣਾਉਂਦੀ ਹੈ। ਉਨ੍ਹਾਂ ਨੇ ਸਮੁੱਚੀ ਮਾਨਵਤਾ ਨੂੰ ਅਡੋਲ, ਦ੍ਰਿੜਤਾ, ਸਬਰ, ਸਿਦਕ ਤੇ ਚੱਲਣ ਦੀ ਸਿੱਖਿਆ ਦਿੱਤੀ। ਗੁਰੂ ਤੇਗ ਬਹਾਦਰ ਬਾਣੀ ਮਨੁੱਖ ਨੂੰ ਇਤਿਹਾਸਕ ਵੰਗਾਰਾਂ, ਵਧੀਕੀਆਂ, ਧੱਕੇਸ਼ਾਹੀਆਂ ਤੇ ਤਸ਼ੱਦਦ ਦੇ ਖ਼ਿਲਾਫ਼ ਜੂਝਣ ਲਈ ਮਨੋਬਲ ਨੂੰ ਉਤਸ਼ਾਹਿਤ ਕਰਦੀ ਹੈ। ਇਸ ਪ੍ਰਸੰਗ ਵਿੱਚ ਡਾ. ਜੀ.ਐਨ.ਰਾਜਗੁਰੂ [8] ਦੀ ਟਿੱਪਣੀ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ, ਜਿਸ ਅਨੁਸਾਰ ਪੰਜਾਬ ਦੀ ਲੋਕ-ਸ਼ਕਤੀ ਨੂੰ ਇਤਿਹਾਸ ਦੀ ਹਰ ਵੰਗਾਰ ਦਾ ਟਾਕਰਾ ਕਰਨ ਦੇ ਯੋਗ ਬਣਾਉਣ ਲਈ ਗੁਰੂ ਸਾਹਿਬਾਨ ਨੇ ਭਾਵਨਾਤਮਿਕ ਰੂਪ ਵਿੱਚ ਸਹਾਇਤਾ ਕੀਤੀ। ਭਗਤੀ ਦੇ ਸੁਰ, ਸਮਾਜਿਕ ਸੰਗਠਨ ਦਾ ਸੁਪਨਾ ਅਤੇ ਲੋਕ ਭਲਾਈ ਦਾ ਮਹਾਨ ਸੰਕਲਪ ਲੈ ਕੇ ਗੁਰੂ ਦੇ ਸਿੱਖ ਕਾਰਜ-ਖੇਤਰ ਵਿੱਚ ਨਿੱਤਰੇ ਅਤੇ ਮਰਨ ਕਿਨਾਰੇ ਪਏ ਸਮਾਜ ਦੇ ਸਰੀਰ ਵਿੱਚ ਨਵ-ਪ੍ਰਾਣਾਂ ਦਾ ਸੰਚਾਰ ਕੀਤਾ।

**ਹਵਾਲੇ ਅਤੇ ਟਿੱਪਣੀਆਂ**

1. ਡਾ. ਤਾਰਨ ਸਿੰਘ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 434.
2. ਡਾ. ਰਾਮਦਾਸ ਨਿਰਾਕਾਰੀ, ਸ੍ਰੀ ਗੁਰੂ ਤੇਗ ਬਹਾਦਰ ਦੀ ਬਾਣੀ : ਦਾਰਸ਼ਨਿਕ ਪਰੰਪਰਾ, ਪੰਨਾ 255.
3. ਡਾ. ਦੀਵਾਨ ਸਿੰਘ, ਨੌਵੇਂ ਗੁਰੂ ਜੀ ਦੀ ਵਿਚਾਰਧਾਰਾ, ਪੰਨਾ 27.
4. ਡਾ. ਅਮਰਜੀਤ ਸਿੰਘ, ਗੁਰੂ ਤੇਗ਼ ਬਹਾਦਰ ਦਾ ਆਧੁਨਿਕ ਸੰਦਰਭ, ਪੰਨਾ 102-103.
5. ਡਾ. ਹਰਜਿੰਦਰ ਸਿੰਘ ਢਿੱਲੋਂ, ਗੁਰੂ ਤੇਗ਼ ਬਹਾਦਰ ਦਾ ਰਹੱਸਵਾਦ, ਪੰਨਾ 76.
6. ਸ. ਸਤਿੰਦਰ ਸਿੰਘ, ਗੁਰੂ ਤੇਗ਼ ਬਹਾਦਰ ਬਾਣੀ ਦਾ ਕਾਵਿਕ ਪਰਿਪੇਖ, ਪੰਨਾ 127.
7. ਪ੍ਰੋ. ਜੋਗਿੰਦਰ ਸਿੰਘ, ਗੁਰੂ ਤੇਗ਼ ਬਹਾਦਰ ਜੀ ਦੀ ਸਿੱਖ ਲਹਿਰ ਨੂੰ ਦੇਣ, ਪੰਨਾ 190-191.
8. ਡਾ. ਜੀ.ਐਨ ਰਾਜਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਹਨਾਂ ਦੀ ਬਾਣੀ, ਪੰਨਾ 259.


© Copyright @ Authors